# ਚੌੜਾ ਪਿੱਤਾ/ਰੀਠਾ ਸਾਹਿਬ ਦੀਆਂ ਫੋਟੋਆਂ ਦਾ ਵੇਰਵਾ:-




ਗੁਰੂਦੁਆਰੇ ਦੀ ਡਿਉਢੀ। ਦਰ ਦੇ ਉੱਪਰ, ਸੱਜੇ ਅਤੇ ਖੱਬੇ ਗੁਰੂ ਜੀ ਦੀਆਂ ਕਾਲਪਨਿਕ ਮੂਰਤਾਂ ਅਤੇ ਮੂਰਤਾਂ ਦੇ ਹੇਠ ਮਿੱਥਿਆ ਮਨ-ਘੜੰਤ ਕਹਾਣੀਆਂ ਲਿਖੀਆਂ ਹੋਈਆਂ ਹਨ। ਇਹ ਮੂਰਤਾਂ ਮੂਰਤੀ-ਪੂਜਾ ਕਰਵਾਉਣ ਦਾ ਸਾਧਨ ਹਨ! ਗੁਰੂਦੁਆਰੇ ਦਾ ਨਾਮ ਹਿੰਦੀ/ਦੇਵਨਾਗਰੀ ਅੱਖਰਾਂ ਵਿੱਚ ਲਿਖਿਆ ਹੈ!



ਰੀਠੇ ਦੇ ਦੋ ਛੋਟੇ ਰੁੱਖ। 'ਸੇਵਾਦਾਰ' ਦੇ ਕਹਿਣ ਮੁਤਾਬਿਕ ਕੁੱਝ ਸਾਲ ਪਹਿਲਾਂ ਪੁਰਾਣੇ 'ਅਸਲੀ' ਰੁੱਖ ਦੇ ਸੜ ਜਾਣ ਉਪਰੰਤ ਉਸ ਦੀ ਜਗ੍ਹਾ ਇਹ ਦੋਵੇਂ ਰੁੱਖ ਆਪਣੇ-ਆਪ ਉੱਗ ਆਏ! 'ਸੇਵਾਦਾਰ' ਦੇ ਕਥਨ ਅਨੁਸਾਰ, ਇਨ੍ਹਾਂ ਵਿੱਚੋਂ ਅਗਲਾ ਮਿੱਠਾ ਅਤੇ ਕੁੱਝ ਫ਼ਾਸਲੇ 'ਤੇ ਪਿਛਲਾ ਕੌੜਾ ਹੈ! ਪਿੱਛੇ ਨਾਥਾਂ/ਜੋਗੀਆਂ ਦਾ ਪੁਰਾਤਨ ਮੰਦਿਰ ਦਿਖਾਈ ਦੇ ਰਿਹਾ ਹੈ।


ਚੌੜਾ ਪਿੱਤਾ/ਰੀਠਾ ਸਾਹਿਬ ਦੀ ਨਵੀਂ ਵਿਰਲੀ ਵੱਸੋਂ ਦਾ ਇੱਕ ਦ੍ਰਿਸ਼।


ਰਮਣੀਕ ਚੌਗਿਰਦਾ। ਨਦੀ ਵੀ ਦਿਖਾਈ ਦੇ ਰਹੀ ਹੈ।



ਇੱਕ ਯਾਤ੍ਰੀ, ਸ਼੍ਰੱਧਾ-ਵੱਸ, ਨਵੇਂ ਉੱਗੇ ਮਿੱਠੇ ਅਤੇ ਕੌੜੇ ਦੋਹਾਂ ਬੂਟਿਆਂ ਵਿਚਾਲੇ ਫੋਟੋ ਖਿਚਵਾ ਰਿਹਾ ਹੈ। ਪਿੱਛੇ ਕੰਧ ਉੱਤੇ 'ਪੁਰਾਤਨ ਰੀਠਾ ਸਾਹਿਬ' ਲਿਖਿਆ ਨਜ਼ਰ ਆ ਰਿਹਾ ਹੈ। ਪ੍ਰਾਚੀਨ ਮੰਦਿਰ ਵੀ ਦਿਖਾਈ ਦੇ ਰਿਹਾ ਹੈ।



ਗੁਰੂਦ੍ਵਾਰੇ ਦੀ ਇਮਾਰਤ ਦਾ ਇੱਕ ਦ੍ਰਿਸ਼।



ਗੁਰੂਦੁਆਰੇ ਦਾ ਇੱਕ ਹੋਰ ਦ੍ਰਿਸ਼।



ਰਮਣੀਕ ਪਹਾੜਾਂ, ਵਿਰਲੀ ਵੱਸੋਂ ਅਤੇ ਹਰੇ-ਭਰੇ ਖੇਤਾਂ ਨਾਲ ਘਿਰਿਆ ਗੁਰੂਦੁਆਰਾ।



ਉਸਾਰੀ ਅਧੀਨ ਕੇਨੀਆਂ ਵਾਲਿਆਂ ਦਾ ਯਾਤ੍ਰੀ ਨਿਵਾਸ।



ਗੁਰੂਦਵਾਰੇ ਸਾਹਮਣੇ ਪਹਾੜੀ ਉੱਤੇ ਵਿਰਲੀ ਵੱਸੋਂ।



ਰੀਠਾ ਸਾਹਿਬ/ਚੌੜਾ ਪਿੱਤਾ ਦੀ ਨਵੀਂ ਬਸਤੀ ਦਾ ਛੋਟਾ ਜਿਹਾ ਬਾਜ਼ਾਰ।



ਗੇਟ ਦੇ ਅੰਦਰ ਰੀਠੇ ਦਾ ਇੱਕ ਆਮ ਦਰਖ਼ਤ। ਸੱਜੇ ਪਾਸੇ ਲੰਗਰ ਹਾਲ ਹੈ।



ਨਾਥਾਂ/ਜੋਗੀਆਂ ਦਾ ਪ੍ਰਾਚੀਨ ਮੰਦਿਰ ਜਿੱਥੇ ਗੁਰੂ ਨਾਨਕ ਦੇਵ ਜੀ ਢੇਰ ਨਾਥ ਜੀ ਦੇ ਅਤਿਥੀ ਬਣ ਕੇ ਰਹੇ ਸਨ।



ਕੇਨੀਆਂ ਵਾਲਿਆਂ ਦਾ ਨਵਾਂ ਉਸਾਰਿਆ ਗਿਆ ਸੁਖਾਵਾਂ ਯਾਤ੍ਰੀ-ਨਿਵਾਸ।



ਗੁਰੂਦੁਆਰੇ ਦਾ ਇੱਕ ਹੋਰ ਦ੍ਰਿਸ਼।



ਨਾਥਾਂ ਜੋਗੀਆਂ ਦਾ ਪ੍ਰਾਚੀਨ ਮੰਦਿਰ, ਜਿਸ ਨੂੰ ਢੇਰ ਨਾਥ ਜੀ ਦਾ ਮੰਦਿਰ ਕਿਹਾ ਜਾਂਦਾ ਹੈ।